# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ.ਨਗਰ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ-ਈ, ਚੌਥੀ ਮੰਜਿਲ, ਫੇਜ-8, ਐਸ.ਏ.ਐਸ.ਨਗਰ

ਵੱਲ,

1. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।

ਮੀਮੋ ਨੰ. 11/1-21ਸੇ1(4)

ਮਿਤੀ: ੨੨-੦੩-੨੦੨੧

ਵਿਸ਼ਾ:- ਦੋਸ਼ ਸੂਚੀਆਂ ਅਤੇ ਕਾਰਨ ਦੱਸੋ ਨੋਟਿਸਾਂ ਦੇ ਜਵਾਬ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿੱਖਿਆ ਜਾਂਦਾ ਹੈ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਵਿਭਾਗ ਵਲੋਂ ਜਾਰੀ ਕੀਤੀਆਂ ਗਈਆਂ ਸਪੱਸ਼ਟ ਹਦਾਇਤਾਂ ਦੇ ਬਾਵਜੂਦ ਹਾਲੇ ਵੀ ਕੁੱਝ ਕਰਮਚਾਰੀ ਉਨ੍ਹਾਂ ਨੂੰ ਜਾਰੀ ਹੋਏ ਕਾਰਨ ਦੱਸੋ ਨੋਟਿਸਾਂ ਅਤੇ ਦੋਸ਼ ਸੂਚੀਆਂ ਦੇ ਜਵਾਬ ਸੰਬਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਭੇਜਦੇ ਹਨ, ਜੋ ਕਿ ਹਦਾਇਤਾਂ ਦੀ ਉਲੰਘਣਾ ਹੈ। ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਕਥਿਤ ਦੋਸ਼ੀ ਕਰਮਚਾਰੀ ਉਸ ਨੂੰ ਜਾਰੀ ਦੋਸ਼ ਸੂਚੀ ਅਤੇ ਕਾਰਨ ਦੱਸੋ ਨੋਟਿਸ ਦਾ ਜਵਾਬ ਈ-ਪੋਰਟਲ ਤੇ ਸਿੱਧੇ ਤੌਰ ਤੇ ਸਮਰੱਥ ਅਧਿਕਾਰੀ ਨੂੰ ਭੇਜੇਗਾ। ਜੇਕਰ ਕਿਸੇ ਦੋਸ਼ ਸੂਚੀ ਦਾ ਜਵਾਬ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ਪ੍ਰਾਪਤ ਹੁੰਦਾ ਹੈ ਤਾਂ ਅਜਿਹਾ ਜਵਾਬ ਤੁਰੰਤ ਵਾਪਿਸ ਭੇਜ ਦਿੱਤਾ ਜਾਵੇਗਾ। ਜੇਕਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਪਾਸੋਂ ਕਿਸੇ ਤਰ੍ਹਾਂ ਦੀ ਕੋਈ ਟਿੱਪਣੀ ਪ੍ਰਾਪਤ ਕਰਨ ਦੀ ਲੋੜ ਮਹਿਸੂਸ ਕੀਤੀ ਜਾਵੇਗੀ ਤਾਂ ਅਜਿਹਾ ਫੈਸਲਾ ਦੋਸ਼ ਸੂਚੀ ਅਤੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਵਾਲੇ ਅਧਿਕਾਰੀ ਦੇ ਪੱਧਰ ਤੇ ਕੀਤਾ ਜਾਵੇਗਾ।

(ਅਸ਼ੋਕ ਕੁਮਾਰ)

ਸੁਪਰਡੰਟ ਸੇਵਾਵਾਂ-1